# ਖੇਤੀਬਾੜੀ ਲਈ ਵਰਤੇ ਜਾਂਦੇ ਪਾਣੀ ਦੀ ਕੁਆਲਿਟੀ ਬਾਰੇ ਤੱਥ ਸ਼ੀਟ



ਫਸਲ ਪੈਦਾ ਕਰਨ ਦੇ ਸਾਰੇ ਸਮੇਂ ਦੌਰਾਨ ਸਿੰਚਾਈ, ਛਿੜਕਾਅ ਅਤੇ ਧੋਣ ਸਮੇਤ ਪਾਣੀ ਕਈ ਕੰਮਾਂ ਲਈ ਵਰਤਿਆ ਜਾਂਦਾ ਹੈ ਅਤੇ ਇਹ ਇਸਦੇ ਮੁਢਲੇ ਸਰੋਤ ਤੇ ਵਰਤੋਂ ਦੇ ਢੰਗ ਮੁਤਾਬਕ ਜੀਵ-ਵਿਗਿਆਨਕ ਪ੍ਰਦੂਸ਼ਣ ਦਾ ਸਰੋਤ ਵੀ ਹੋ ਸਕਦਾ ਹੈ। ਪਾਣੀ ਦੀ ਲੋੜੀਂਦੀ ਕੁਆਲਿਟੀ ਇਸਦੀ ਵਰਤੋਂ ਦੇ ਢੰਗ ਤੇ ਸਮੇਂ ਅਨੁਸਾਰ ਵੱਖ ਵੱਖ ਹੋ ਸਕਦੀ ਹੈ। ਜਿਹੜਾ ਪਾਣੀ ਬੇਰੀਆਂ ਨਾਲ ਸਿੱਧੇ ਸੰਪਰਕ 'ਚ ਆਉਂਦਾ ਹੈ ਉਸਦੀ ਕੁਆਲਿਟੀ ਉਸ ਪਾਣੀ ਨਾਲੋਂ ਚੰਗੇਰੀ ਹੋਣੀ ਚਾਹੀਦੀ ਹੈ ਜਿਹੜਾ ਬੇਰੀਆਂ ਨਾਲ ਸਿੱਧੇ ਸੰਪਰਕ 'ਚ ਨਹੀਂ ਆਉਂਦਾ। ਉਤਪਾਦਕਾਂ ਨੂੰ ਖੇਤੀਬਾੜੀ ਲਈ ਵਰਤੇ ਜਾਂਦੇ ਪਾਣੀ ਦੇ ਸਾਰੇ ਸੋਮਿਆਂ ਦਾ ਈ. ਕੋਲਾਈ ਅਤੇ ਫੇਕਲ ਕੋਲਾਈਫਾਰਮਜ਼ ਵਾਸਤੇ ਟੈਸਟ ਕਰਨਾਂ ਚਾਹੀਦਾ ਹੈ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਸੋਮਿਆਂ ਦਾ ਜਿੰਨ੍ਹਾਂ ਦਾ ਪਾਣੀ ਬੇਰੀਆਂ ਨਾਲ ਸਿੱਧੇ ਸੰਪਰਕ 'ਚ ਆਉਂਦਾ ਹੈ।



ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਅਭਿਆਸਾਂ ਬਾਰੇ ਵਿਚਾਰ ਕਰੋ ਅਤੇ ਇਹ ਸਮਝੋ ਕਿ ਉਹ ਸੁਰੱਖਿਅਤ ਬੇਰੀਆਂ ਦੇ ਉਤਪਾਦਨ ਨੂੰ ਕਿਵੇਂ ਪ੍ਰਭਾਵਤ ਕਰ ਸਕਦੇ ਹਨ। ਕੁਝ ਸਵਾਲ ਜਿੰਨਾਂ ਤੋਂ ਪਾਣੀ ਦੀ ਕੁਆਲਿਟੀ ਨਾਲ ਪੈਦਾ ਹੁੰਦੇ ਖਤਰੇ ਦੇ ਪੱਧਰ ਨੂੰ ਜਾਂਚਿਆ ਜਾ ਸਕਦਾ ਹੈ, ਉਨ੍ਹਾਂ 'ਚ ਸ਼ਾਮਲ ਹੈ:

- ਸਿੰਚਾਈ, ਛਿੜਕਾਅ ਅਤੇ ਧੋਣ ਵਾਸਤੇ ਵਰਤੇ ਜਾਂਦੇ ਪਾਣੀ ਦੇ ਸਰੋਤ ਕੀ ਹਨ-ਧਰਤੀ ਦੇ ਤਲ ਉਪਰਲੇ ਪਾਣੀ (ਨਾਲੇ ਦੇ ਸਰੋਤ ਦਾ ਪ੍ਰਦੂਸ਼ਣ) ਅਤੇ ਖੂਹਾਂ (ਡੂੰਘੇ ਤੇ ਘੱਟ ਡੂੰਘੇ ਖੂਹ) ਦੇ ਪਾਣੀ ਬਾਰੇ ਵਿਚਾਰ ਕਰੋ।
- ਕੀ ਪਾਣੀ ਦੇ ਸੋਮੇ (ਸੋਮਿਆਂ) ਦੇ, ਰਸਾਇਣਾਂ, ਬਾਲਣ ਵਾਲੇ ਤੇਲਾਂ ਜਾਂ ਖਾਦ ਦੇ ਵਗਣ ਜਾਂ ਡੁੱਲਣ ਕਾਰਨ ਪ੍ਰਦੂਸ਼ਤ ਹੋ ਜਾਣ ਦੇ ਖਤਰੇ ਨੂੰ ਘੱਟ ਤੋਂ ਘੱਟ ਰੱਖਣ ਲਈ ਕੋਈ ਢੰਗ ਤਰੀਕੇ ਬਣਾਏ ਹੋਏ ਹਨ?
- ਕੀ ਪਾਣੀ ਦੇ ਸੋਮੇਂ (ਸੋਮਿਆਂ) ਤੱਕ ਮਾਲ-ਡੰਗਰਾਂ ਦੀ ਸਿੱਧੀ ਪਹੁੰਚ ਹੈ?
- ਕੀ ਸੈਪਟਿਕ ਸਿਸਟਮ ਚੰਗੀ ਤਰ੍ਹਾਂ ਸੰਭਾਲੇ ਹੋਏ ਅਤੇ ਸਹੀ ਤਰੀਕੇ ਨਾਲ ਕੰਮ ਕਰ ਰਹੇ ਹਨ?
- ਸਿੰਚਾਈ ਦਾ ਕਿਹੜਾ ਢੰਗ ਵਰਤਿਆ ਜਾ ਰਿਹਾ ਹੈ?- ਹੇਠੋਂ ਤੁਪਕੇ ਡਿੱਗਣ ਵਾਲੀ ਸਿੰਚਾਈ, ਜੇਕਰ ਪਾਣੀ ਸੁੱਟਣ ਵਾਲੇ (emitters) ਮਿੱਟੀ ਦੇ ਲੈਵਲ 'ਤੇ ਲਗਾਏ ਗਏ ਤਾਂ ਬੇਰੀਆਂ ਦੇ ਪ੍ਰਦੂਸ਼ਣ ਦਾ ਖਤਰਾ ਜ਼ਿਕਰਯੋਗ ਹੱਦ ਤੱਕ ਘੱਟ ਹੋਵੇਗਾ।





ਪਾਣੀ ਦੇ ਹਰੇਕ ਸੋਮੇਂ ਨੂੰ ਟੈਸਟ ਕੀਤਾ ਜਾਣਾ ਚਾਹੀਦਾ ਹੈ। ਕੁਝ ਚੋਣਾਂ, ਜੋ ਖੇਤੀਬਾੜੀ ਦੀ ਵਰਤੋਂ ਵਾਲੇ ਪਾਣੀ ਨਾਲ ਜੁੜੇ ਹੋਏ ਖਾਧ ਪਦਾਰਥਾਂ ਦੀ ਸੁਰੱਖਿਆ ਦੇ ਸੰਭਾਵੀ ਖਤਰੇ ਨੂੰ ਘੱਟ ਤੋਂ ਘੱਟ ਰੱਖਣ 'ਚ ਮਦਦ ਕਰ ਸਕਦੀਆਂ ਹਨ, ਉਨ੍ਹਾਂ 'ਚ ਸ਼ਾਮਲ ਹਨ:

- ਉਪਰੋਂ ਪੈਣ ਵਾਲੇ ਪਾਣੀ ਵਾਲੀ ਸਿੰਚਾਈ ਦੀ ਬਜਾਏ ਹੇਠੋਂ ਤੁਪਕੇ ਪੈਣ ਵਾਲੀ ਸਿੰਚਾਈ ਦੀ ਵਰਤੋਂ ਕਰਨਾਂ, ਤਾਂ ਕਿ ਬੇਰੀਆਂ ਅਤੇ ਪਾਣੀ ਦਾ ਸੰਪਰਕ ਘੱਟ ਰਹੇ



- ਤੁੜਵਾਈ/ਚੁਗਾਈ ਦੇ ਸਮੇਂ ਦੌਰਾਨ ਜਾਂ ਨੇੜੇ ਜਾ ਕੇ ਰਸਾਇਣਕ ਛਿੜਕਾਵਾਂ ਵਾਸਤੇ ਪਾਣੀ ਦੇ ਬਦਲਵੇਂ ਸਰੋਤ (ਉੱਚ ਕੁਆਲਿਟੀ) ਦੀ ਵਰਤੋਂ ਕਰਨਾਂ
- ਤੁੜਵਾਈ/ਚੁਗਾਈ ਅਤੇ ਸਿੰਚਾਈ ਦਰਮਿਆਨ ਵਕਫੇ ਦੇ ਦਿਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਰੱਖਣਾਂ (ਤੁੜਵਾਈ/ਚੁਗਾਈ ਤੋਂ ਛੇਤੀ ਮਗਰੋਂ ਸਿੰਚਾਈ ਕਰਨ 'ਤੇ ਗੌਰ ਕਰੋ)
- ਮੌਸਮ ਦੇ ਸ਼ੁਰੂ 'ਚ, ਮੱਧ 'ਚ ਅਤੇ ਅੰਤ 'ਚ ਬੇਰੀਆਂ ਨਾਲ ਸੰਪਕਰ 'ਚ ਆ ਸਕਦੇ ਕਿਸੇ ਵੀ ਤਲ ਉਪਰਲੇ ਪਾਣੀ ਦਾ ਟੈਸਟ ਕਰਨਾਂ
- ਜੀਵ-ਵਿਗਿਆਨਕ ਪ੍ਰਦੂਸ਼ਣ ਨੂੰ ਘਟਾਉਂਣ ਲਈ ਪਾਣੀ ਦੇ ਸ਼ੁੱਧੀਕਰਨ ਦੀ ਵਰਤੋਂ ਕਰਨਾਂ



ਪਾਣੀ ਦੀ ਕੁਆਲਿਟੀ ਫਲ ਦੀ ਕੁਆਲਿਟੀ ਦੇ ਨਾਲ ਨਾਲ ਖਾਧ ਪਦਾਰਥਾਂ ਦੀ ਸੁਰੱਖਿਆ 'ਚ ਰੋਲ ਅਦਾ ਕਰ ਸਕਦੀ ਹੈ। ਪਾਣੀ ਦੀ ਕੀਤੀ ਜਾ ਸਕਣ ਵਾਲੀ ਵਰਤੋਂ ਅਤੇ ਸਰੋਤਾਂ ਦੇ ਪਾਣੀ ਦੇ ਕਿਸੇ ਵੀ ਟੈਸਟ ਸਮੇਤ, ਖੇਤੀਬਾੜੀ ਲਈ ਵਰਤੇ ਜਾਂਦੇ ਪਾਣੀ ਦੇ ਹਰੇਕ ਸਰੋਤ ਦੇ ਸਬੰਧ 'ਚ ਰਿਕਾਰਡ ਰੱਖਣਾਂ ਜਾਂ ਦਸਤਾਵੇਜ਼ ਬਣਾਉਂਣੇ ਵਧੀਆ ਅਭਿਆਸ ਹੈ।

ਹੇਠ ਲਿਖੀਆਂ ਕੁਝ ਸਥਾਨਕ ਲੈਬਾਟਰੀਆਂ ਹਨ ਜਿਹੜੀਆਂ ਜੀਵ-ਵਿਗਿਆਨਕ ਪ੍ਰਦੂਸ਼ਣ ਸਬੰਧੀ ਪਾਣੀ ਦੇ ਟੈਸਟ ਕਰਦੀਆਂ ਹਨ:



*Cantest Ltd.*
4606 Canada Way
Burnaby, BC
604-734-7276

*Norwest Labs*
#102 – 19575 55A Ave
Surrey, BC
604-514-3322

*JR Laboratories*
#12 – 3871 N. Fraser Way
Burnaby, BC
604-432-9311

*Vanderpol's Lab*
3911 Mt. Lehman Road
Abbotsford, BC
604-856-6724

**ਹਵਾਲੇ/References:**


BC Approved Water Quality Guidelines 1998 edition:
http://www.env.gov.bc.ca/wat/wq/BCguidelines/approv_wq_guide/approved.html

Improving On-Farm Food Safety Through Good Irrigation Practices:
http://www.omafra.gov.on.ca/english/crops/facts/05-059.htm

Canadian Environmental Water Quality Guidelines:
http://www.ccme.ca/assets/pdf/e1_06.pdf

Treating Irrigation and Crop Wash Water for Pathogens:
http://www.agf.gov.bc.ca/resmgmt/publist/500series/512000-3.pdf


ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:

| | |
|---|---|
| BC Blueberry Council | 604-864-2117 |
| Fraser Valley Strawberry Growers Association | 604-864-0565 |
| Raspberry Industry Development Council | 604-854-8010 |